Punjabi

Letter to Households

# Bellingham Public Schools

## 2007-2008
## ਪਰਿਵਾਰਾਂ ਨੂੰ ਚਿੱਠੀ

ਪਿਆਰੇ ਮਾਤਾ–ਪਿਤਾ/ਸਰਪਰੱਸਤ :

ਬੱਚਿਆਂ ਨੂੰ ਕੁਝ ਸਿੱਖਣ ਲਈ ਨਰੋਏ ਭੋਜਨ ਦੀ ਜ਼ਰੂਰਤ ਹੁੰਦੀ ਹੈ। ________Bellingham Public Schools________ ਸਕੂਲ ਦੇ ਹਰ ਦਿਨ ਨਰੋਇਆ ਭੋਜਨ ਪੇਸ਼ ਕਰਦਾ ਹੈ। ਬੱਚੇ ਮੁਫ਼ਤ ਜਾਂ ਘਟ ਕੀਤੀ ਕੀਮਤ ਵਾਲੇ ਭੋਜਨ ਦੇ ਹੱਕਦਾਰ ਵੀ ਹੋ ਸਕਦੇ ਹਨ। ਸਕੂਲ ਵਿਚ ਭੋਜਨ ਦੀ ਲਾਗਤ ਇਸ ਤਰ੍ਹਾਂ ਹੈ :

| ਗ੍ਰੇਡ ਪੱਧਰ | ਬਾਕਾਇਦਾ | | | ਬਾਕਾਇਦਾ | | |
|---|---|---|---|---|---|---|
| | ਨਾਸ਼ਤਾ | ਦੁਪਹਿਰ ਦਾ ਖਾਣਾ | ਸਨੈਕ | ਨਾਸ਼ਤਾ | ਦੁਪਹਿਰ ਦਾ ਖਾਣਾ | ਸਨੈਕ |
| K-5 | $ 1.25 | $ 2.25 | | $ 0.00 | $ 0.40 | |
| 6-8 | $ 1.25 | $ 2.50 | | $ 0.00 | $ 0.40 | |
| 9-12 | $ 1.25 | $ 2.75 | | $ 0.00 | $ 0.40 | |

1. **ਕੀ ਮੈਨੂੰ ਹਰ ਇਕ ਬੱਚੇ ਲਈ ਅਰਜ਼ੀ ਦੇਣੀ ਪਏਗੀ ?** ਨਹੀਂ। ਮੁਫ਼ਤ ਅਤੇ ਘਟ ਕੀਤੀ ਕੀਮਤ ਵਾਲੇ ਭੋਜਨ ਲਈ ਅਰਜ਼ੀ ਪੂਰੀ ਕਰੋ। ਆਪਣੇ ਪਰਿਵਾਰ ਦੇ ਸਾਰੇ ਵਿਦਿਆਰਥੀਆਂ ਲਈ ਮੁਫ਼ਤ ਅਤੇ ਘਟ ਕੀਤੀ ਕੀਮਤ ਵਾਲੇ ਭੋਜਨ ਲਈ ਇਕ ਅਰਜ਼ੀ ਦਿਉ। ਅਸੀਂ ਅਧੂਰੀ ਅਰਜ਼ੀ ਨੂੰ ਮੰਜ਼ੂਰੀ ਨਹੀਂ ਦੇ ਸਕਦੇ, ਇਸ ਲਈ ਸਾਰੀ ਲੋੜੀਂਦੀ ਜਾਣਕਾਰੀ ਭਰੋ। **ਪੂਰੀ ਕੀਤੀ ਅਰਜ਼ੀ ਇੱਥੇ ਭੇਜੋ :**
   ਨਾਂਅ : ____________________
   ਅਹੁਦਾ : ____________________ ਟੈਲੀਫ਼ੋਨ: ____________________
   ਪਤਾ : ____________________

2. **ਮੁਫ਼ਤ ਭੋਜਨ ਕੌਣ ਲੈ ਸਕਦਾ ਹੈ ?** ਜਿਨ੍ਹਾਂ ਪਰਿਵਾਰਾਂ ਨੂੰ ਫ਼ੂਡ ਸਟੈਂਪਸ ਜਾਂ TANF ਦੀ ਸਹਾਇਤਾ ਮਿਲਦੀ ਹੈ, ਉਨ੍ਹਾਂ ਦੇ ਬੱਚਿਆਂ ਨੂੰ ਅਤੇ ਬਹੁਤੇ ਲੈ–ਪਾਲਕ ਬੱਚਿਆਂ ਨੂੰ ਮੁਫ਼ਤ ਭੋਜਨ ਮਿਲ ਸਕਦਾ ਹੈ, ਭਾਵੇਂ ਪਰਿਵਾਰ ਆਮਦਨ ਕਿੰਨੀ ਵੀ ਹੋਵੇ। ਇਸਤੋਂ ਇਲਾਵਾ ਜੇ ਤੁਹਾਡੇ ਪਰਿਵਾਰ ਦੀ ਆਮਦਨ ਫ਼ੈਡਰਲ ਆਮਦਨ ਸੇਧਾਂ ਅਨੁਸਾਰ ਨਿਸ਼ਚਿਤ ਮੁਫ਼ਤ ਭੋਜਨ ਦੀ ਸੀਮਾ ਦੇ ਅੰਦਰ ਹੈ ਤਾਂ ਤੁਹਾਡੇ ਬੱਚਿਆਂ ਨੂੰ ਮੁਫ਼ਤ ਭੋਜਨ ਮਿਲ ਸਕਦਾ ਹੈ।

3. **ਕੀ ਬੇਘਰ, ਘਰੋਂ ਨੱਸੇ ਹੋਏ ਅਤੇ ਪਰਵਾਸੀ ਬੱਚਿਆਂ ਨੂੰ ਮੁਫ਼ਤ ਭੋਜਨ ਮਿਲ ਸਕਦਾ ਹੈ ?** ਜੇ ਤੁਹਾਨੂੰ ਅਜੇ ਤਕ ਦੱਸਿਆ ਨਹੀਂ ਗਿਆ ਕਿ ਉਨ੍ਹਾਂ ਨੂੰ ਮੁਫ਼ਤ ਭੋਜਨ ਮਿਲੇਗਾ, ਤਾਂ ਇਹ ਪੁੱਛਣ ਲਈ ਕਿ ਤੁਹਾਡਾ ਬੱਚਾ (ਬੱਚੇ) ਇਸ ਦੇ ਹੱਕਦਾਰ ਹੋਏ ਹਨ ਕਿ ਨਹੀਂ ਕਿਰਪਾ ਕਰਕੇ (ਸਕੂਲ ਅਤੇ ਬੇਘਰਾਂ ਅਤੇ ਪਰਵਾਸੀਆਂ ਲਈ ਕੋਆਰਡੀਨੇਟਰ) ਨੂੰ ____________________ *(school, homeless liaison or migrant coordinator)* ਤੇ ਫ਼ੋਨ ਕਰੋ।

4. **ਘਟ ਕੀਤੀ ਕੀਮਤ ਵਾਲਾ ਭੋਜਨ ਕਿਸਨੂੰ ਮਿਲ ਸਕਦਾ ਹੈ ?** ਜੇ ਤੁਹਾਡੇ ਪਰਿਵਾਰ ਦੀ ਆਮਦਨ ਅਰਜ਼ੀ ਤੇ ਦਿੱਤੇ ਹੋਏ ਫ਼ੈਡਰਲ ਆਮਦਨ ਚਾਰਟ ਘਟ ਕੀਤੀ ਕੀਮਤ ਵਾਲੇ ਭੋਜਨ ਲਈ ਨਿਸ਼ਚਿਤ ਸੀਮਾਂ ਦੇ ਅੰਦਰ ਹੈ ਤਾਂ ਤੁਹਾਡੇ ਬੱਚਿਆਂ ਨੂੰ ਘਟ ਲਾਗਤ ਵਾਲਾ ਭੋਜਨ ਮਿਲ ਸਕਦਾ ਹੈ।

5. **ਜੇ ਸਕੂਲ ਦੇ ਇਸ ਸਾਲ ਮੈਨੂੰ ਇਹ ਚਿੱਠੀ ਮਿਲੇ ਕਿ ਮੇਰੇ ਬੱਚਿਆਂ ਨੂੰ ਮੁਫ਼ਤ ਭੋਜਨ ਜਾਂ ਘਟ ਕੀਤੀ ਕੀਮਤ ਵਾਲਾ ਭੋਜਨ ਮਿਲ ਸਕਦਾ ਹੈ ਤਾਂ ਕੀ ਮੈਨੂੰ ਅਰਜ਼ੀ ਫ਼ਾਰਮ ਭਰਨਾ ਚਾਹੀਦਾ ਹੈ ?** ਕਿਰਪਾ ਕਰਕੇ ਮਿਲੀ ਚਿੱਠੀ ਨੂੰ ਧਿਆਨ ਨਾਲ ਪੜ੍ਹੋ ਅਤੇ ਹਿਦਾਇਤਾਂ ਦਾ ਪਾਲਨ ਕਰੋ। ਜੇ ਤੁਹਾਡੇ ਕੋਈ ਸਵਾਲ ਹਨ ਤਾਂ ਸਕੂਲ ਨੂੰ (360) 676-6504________ ਤੇ ਫ਼ੋਨ ਕਰੋ।

6. **ਮੈਨੂੰ WIC ਮਿਲਦਾ ਹੈ। ਕੀ ਮੇਰੇ ਬੱਚਿਆਂ ਨੂੰ ਮੁਫ਼ਤ ਭੋਜਨ ਮਿਲ ਸਕਦਾ ਹੈ ?** WIC ਵਿਚ ਹਿੱਸਾ ਲੈਣ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਸ਼ਾਇਦ ਮੁਫ਼ਤ ਜਾਂ ਘਟ ਕੀਤੀ ਕੀਮਤ ਵਾਲਾ ਭੋਜਨ ਮਿਲ ਸਕਦਾ ਹੈ। ਕਿਰਪਾ ਕਰਕੇ ਅਰਜ਼ੀ ਭਰੋ।

7. **ਜੋ ਜਾਣਕਾਰੀ ਮੈਂ ਦੇਂਦਾ/ਦੇਂਦੀ ਹਾਂ ਕੀ ਉਸਦੀ ਜਾਂਚ ਕੀਤੀ ਜਾਏਗੀ ?** ਹਾਂ, ਅਸੀਂ ਤੁਹਾਨੂੰ ਲਿਖਿਤ ਸਬੂਤ ਲਈ ਕਹਿ ਸਕਦੇ ਹਨ।

8. **ਜੇ ਮੈਂ ਹੁਣ ਯੋਗ ਨਹੀਂ ਹੁੰਦਾ/ਹੁੰਦੀ ਤਾਂ ਕੀ ਮੈਂ ਮੁੜ ਅਰਜ਼ੀ ਦੇ ਸਕਦਾ/ਸਕਦੀ ਹਾਂ ?** ਹਾਂ, ਜੇ ਤੁਹਾਡੇ ਪਰਿਵਾਰ ਦੀ ਗਿਣਤੀ ਵਧ ਜਾਏ, ਆਮਦਨ ਘਟ ਹੋ ਜਾਏ, ਤੁਹਾਨੂੰ ਫ਼ੂਡ ਸਟੈਂਪਸ, TANF ਜਾਂ ਹੋਰ ਲਾਭ ਮਿਲਣੇ ਸ਼ੁਰੂ ਹੋ ਜਾਣ, ਜਾਂ ਤੁਹਾਡੀ ਨੌਕਰੀ ਛੁੱਟ ਜਾਏ, ਤਾਂ ਤੁਸੀਂ ਸਕੂਲ ਦੇ ਸਾਲ ਦੌਰਾਨ ਕਿਸੇ ਵੇਲੇ ਵੀ ਅਰਜ਼ੀ ਦੇ ਸਕਦੇ ਹੋ, ਤੁਹਾਡੇ ਬੱਚੇ ਮੁਫ਼ਤ ਜਾਂ ਘਟ ਕੀਤੀ ਕੀਮਤ ਵਾਲੇ ਭੋਜਨ ਦੇ ਹੱਕਦਾਰ ਹੋ ਸਕਦੇ ਹਨ।

9. **ਜੇ ਮੈਂ ਸਕੂਲ ਵਲੋਂ ਆਪਣੀ ਅਰਜ਼ੀ ਬਾਰੇ ਕੀਤੇ ਫ਼ੈਸਲੇ ਨਾਲ ਅਸਹਿਮਤ ਹੋਵਾਂ ?** ਤੁਹਾਨੂੰ ਸਕੂਲ ਅਧਿਕਾਰੀਆਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਤੁਸੀਂ ਇਕ ਸੁਣਵਾਈ ਲਈ ਵੀ ਇੱਥੇ ਫ਼ੋਨ ਕਰ ਸਕਦੇ ਹੋ ਜਾਂ ਲਿਖ ਸਕਦੇ ਹੋ :
   ਨਾਂਅ : Mr. Ron Cowan
   ਅਹੁਦਾ : Asst. Superintendent, Bus. & Operations ਟੈਲੀਫ਼ੋਨ: (360) 676-6500
   ਪਤਾ : 1306 Dupont St., Bellingham, WA 98225

10. **ਜੇ ਮੇਰੇ ਪਰਿਵਾਰ ਵਿਚ ਕੋਈ ਅਮਰੀਕਨ ਨਾਗਰਿਕ ਨਹੀਂ ਤਾਂ ਵੀ ਕੀ ਮੈਂ ਅਰਜ਼ੀ ਦੇ ਸਕਦਾ/ਸਕਦੀ ਹਾਂ ?** ਹਾਂ। ਮੁਫ਼ਤ ਜਾਂ ਘਟ ਕੀਤੀ ਕੀਮਤ ਵਾਲੇ ਭੋਜਨ ਲਈ ਅਰਜ਼ੀ ਦੇਣ ਲਈ ਤੁਹਾਡਾ ਜਾਂ ਤੁਹਾਡੇ ਬੱਚਿਆਂ ਦਾ ਅਮਰੀਕਾ ਦਾ ਨਾਗਰਿਕ ਹੋਣਾ ਜ਼ਰੂਰੀ ਨਹੀਂ।

11. **ਮੈਂ ਆਪਣੇ ਪਰਿਵਾਰ ਦੇ ਮੈਂਬਰਾਂ ਵਜੋਂ ਕਿਸ ਕਿਸ ਨੂੰ ਸ਼ਾਮਲ ਕਰਾਂ ?** ਤੁਸੀਂ ਆਪਣੇ ਵਿਚ ਰਹਿੰਦੇ ਸਭ ਵਿਅਕਤੀਆਂ, ਭਾਵੇਂ ਉਹ ਸੰਬੰਧੀ ਹਨ ਜਾਂ ਨਹੀਂ (ਜਿਹਾਂ ਕਿ ਦਾਦਾ–ਦਾਦੀ/ਨਾਨਾ–ਨਾਨੀ, ਹੋਰ ਰਿਸ਼ਤੇਦਾਰ ਜਾਂ ਦੋਸਤ) ਨੂੰ ਸ਼ਾਮਲ ਕਰੋਗੇ। ਤੁਸੀਂ ਆਪਣੇ ਆਪ ਅਤੇ ਆਪਣੇ ਨਾਲ ਰਹਿ ਰਹੇ ਸਾਰੇ ਬੱਚਿਆਂ ਨੂੰ ਸ਼ਾਮਲ ਕਰੋ।

12. **ਜੇ ਮੇਰੀ ਆਮਦਨ ਹਮੇਸ਼ਾ ਇਕੋ ਜਿਹੀ ਨਾ ਰਹੇ ਤਾਂ ਕੀ ਹੋਏਗਾ ?** ਜੋ ਰਕਮ ਤੁਹਾਨੂੰ ਆਮ ਤੌਰ ਤੇ ਮਿਲਦੀ ਹੈ, ਉਹ ਦਰਜ ਕਰੋ, ਜਿਵੇਂ ਕਿ ਜੇ ਤੁਹਾਨੂੰ ਆਮ ਤੌਰ ਤੇ $1000 ਹਰ ਮਹੀਨੇ ਮਿਲਦੇ ਹਨ, ਪਰ ਤੁਸੀਂ ਪਿਛਲੇ ਮਹੀਨੇ ਕੁਝ ਕੰਮ ਨਹੀਂ ਕੀਤਾ ਤੇ ਤੁਹਾਨੂੰ ਸਿਰਫ਼ $900 ਮਿਲੇ ਹਨ, ਇਸ ਲਈ ਤੁਸੀਂ ਹਰ ਮਹੀਨੇ $1000 ਹੀ ਲਿਖੋ। ਜੇ ਤੁਹਾਨੂੰ ਆਮ ਤੌਰ ਤੇ ਹਰ ਮਹੀਨੇ ਓਵਰਟਾਈਮ ਮਿਲਦਾ ਹੈ ਤਾਂ ਇਸਨੂੰ ਸ਼ਾਮਲ ਕਰੋ, ਪਰ ਜੇ ਸਿਰਫ਼ ਕਦੀ ਕਦਾਈਂ ਮਿਲਦਾ ਹੈ ਤਾਂ ਇਸਨੂੰ ਸ਼ਾਮਲ ਨਾ ਕਰੋ।

13. **ਅਸੀਂ ਫ਼ੌਜ ਵਿਚ ਹਾਂ, ਕੀ ਅਸੀਂ ਆਪਣੇ ਹਾਉਸਿੰਗ ਭੱਤੇ ਨੂੰ ਆਮਦਨ ਵਿਚ ਸ਼ਾਮਲ ਕਰੀਏ ?** ਜੇ ਤੁਹਾਡਾ ਘਰ ਮਿਲਟਰੀ ਹਾਉਸਿੰਗ ਪ੍ਰਾਈਵੇਟਾਇਜ਼ੇਸ਼ਨ ਇਨੀਸ਼ਿਏਟਿਵ ਦਾ ਹਿੱਸਾ ਹੈ, ਤਾਂ ਤੁਸੀਂ ਹਾਉਸਿੰਗ ਭੱਤੇ ਨੂੰ ਆਮਦਨ ਵਿਚ ਸ਼ਾਮਲ ਨਾ ਕਰੋ। ਹੋਰ ਸਾਰੇ ਭੱਤੇ ਕੁਲ ਆਮਦਨ ਵਿਚ ਸ਼ਾਮਲ ਕਰਨੇ ਜ਼ਰੂਰੀ ਹਨ।

ਜੇ ਤੁਹਾਡੇ ਕੋਈ ਹੋਰ ਸਵਾਲ ਹਨ ਜਾਂ ਤੁਹਾਨੂੰ ਸਹਾਇਤਾ ਚਾਹੀਦੀ ਹੈ ਤਾਂ ________(360) 676-6504________ ਤੇ ਫ਼ੋਨ ਕਰੋ।

ਹਿਤੂ

____________________ ____________________ ____________________

ਪੱਖਪਾਤ ਰਹਿਤ ਬਿਆਨ


© 2007 TransACT Communications, Inc.

Punjabi

Letter to Households

## Bellingham Public Schools

### ਅਰਜ਼ੀ ਦੇਣ ਲਈ ਹਿਦਾਇਤਾਂ

**ਜੇ ਤੁਹਾਡੇ ਪਰਿਵਾਰ ਨੂੰ ਫ਼ੂਡ ਸਟੈਂਪਸ ਜਾਂ TANF, ਮਿਲਦੇ ਹਨ ਤਾਂ ਇਨ੍ਹਾਂ ਹਿਦਾਇਤਾਂ ਦਾ ਪਾਲਨ ਕਰੋ :**

- **ਭਾਗ 1:** ਬੱਚੇ (ਬੱਚਿਆਂ) ਦਾ ਨਾਂਅ, ਸਕੂਲ ਗ੍ਰੇਡ ਅਤੇ ਇਕ ਫ਼ੂਡ ਸਟੈਂਪ ਜਾਂ TANF ਦਾ ਕੇਸ ਨੰਬਰ ਦਰਜ ਕਰੋ।
- **ਭਾਗ 2:** ਜੇ ਕੋਈ ਹੈ ਤਾਂ ਸਹੀ ਖਾਨੇ ਤੇ ਨਿਸ਼ਾਨ ਲਾਉ।
- **ਭਾਗ 3:** ਇਹ ਭਾਗ ਛਡ ਦਿਉ।
- **ਭਾਗ 4:** ਇਹ ਭਾਗ ਛਡ ਦਿਉ।
- **ਭਾਗ 5:** ਇਸ ਫ਼ਾਰਮ ਤੇ ਦਸਤਖ਼ਤ ਕਰੋ। ਕੋਈ ਸੋਸ਼ਿਲ ਸਿਕਿਊਰਟੀ ਨੰਬਰ ਜ਼ਰੂਰੀ ਨਹੀਂ।
- **ਭਾਗ 6:** ਇਸ ਸਵਾਲ ਦਾ ਜਵਾਬ ਜੇ ਦੇਣਾ ਚਾਹੁੰਦੇ ਹੋ ਤਾਂ ਦਿਉ।

**ਸਹੀ ਖ਼ਾਨੇ ਤੇ ਨਿਸ਼ਾਨ ਲਾਉ ਅਤੇ** ______________________________ ***(school, homeless liaison or migrant coordinator)*** **ਸੰਪਰਕ ਕਰੋ। ਹੋਰ ਸਭ ਪਰਿਵਾਰਾਂ ਲਈ ਦਿੱਤੀਆਂ ਹਿਦਾਇਤਾਂ ਅਨੁਸਾਰ ਅਰਜ਼ੀ ਫ਼ਾਰਮ ਭਰੋ।**

**ਜੇ ਤੁਸੀਂ ਇਕ ਲੈ-ਪਾਲਕ ਬੱਚੇ ਲਈ ਅਰਜ਼ੀ ਦੇ ਰਹੇ ਹੋ ਤਾਂ ਇਨ੍ਹਾਂ ਹਿਦਾਇਤਾਂ ਦਾ ਪਾਲਨ ਕਰੋ :**

- **ਭਾਗ 1: ਹਰ ਇਕ ਲੈ–ਪਾਲਕ ਬੱਚੇ ਲਈ ਵਖਰੀ ਅਰਜ਼ੀ ਦਿਉ।** ਬੱਚੇ ਦਾ ਨਾਂਅ, ਸਕੂਲ ਅਤੇ ਗ੍ਰੇਡ ਭਰੋ।
- **ਭਾਗ 2:** ਇਹ ਭਾਗ ਛਡ ਦਿਉ।
- **ਭਾਗ 3:** ਖ਼ਾਨੇ ਤੇ ਨਿਸ਼ਾਨ ਲਾਉ ਅਤੇ ਬੱਚੇ ਦੇ ਨਿੱਜੀ ਖ਼ਰਚ ਲਈ ਜੇ ਕੋਈ ਆਮਦਨ ਹੈ ਤਾਂ ਦਰਜ ਕਰੋ।
- **ਭਾਗ 4:** ਇਹ ਭਾਗ ਛਡ ਦਿਉ।
- **ਭਾਗ 5:** ਇਸ ਫ਼ਾਰਮ ਤੇ ਦਸਤਖ਼ਤ ਕਰੋ। ਕੋਈ ਸੋਸ਼ਿਲ ਸਿਕਿਊਰਟੀ ਨੰਬਰ ਜ਼ਰੂਰੀ ਨਹੀਂ।
- **ਭਾਗ 6:** ਇਸ ਸਵਾਲ ਦਾ ਜਵਾਬ ਜੇ ਦੇਣਾ ਚਾਹੁੰਦੇ ਹੋ ਤਾਂ ਦਿਉ।

**ਹੋਰ ਸਭ ਪਰਿਵਾਰ, WIC ਪਰਿਵਾਰਾਂ ਸਮੇਤ ਇਨ੍ਹਾਂ ਹਿਦਾਇਤਾਂ ਦਾ ਪਾਲਣ ਕਰਨ :**

- **ਭਾਗ 1:** ਹਰ ਇਕ ਬੱਚੇ ਦਾ ਨਾਂਅ, ਸਕੂਲ ਅਤੇ ਗ੍ਰੇਡ ਭਰੋ।
- **ਭਾਗ 2:** ਜੇ ਕੋਈ ਹੈ ਤਾਂ ਸਹੀ ਖਾਨੇ ਤੇ ਨਿਸ਼ਾਨ ਲਾਉ।
- **ਭਾਗ 3:** ਇਹ ਭਾਗ ਛਡ ਦਿਉ।
- **ਭਾਗ 4:** ਪਿਛਲੇ ਮਹੀਨੇ ਪਰਿਵਾਰ ਦੀ ਕੁਲ ਆਮਦਨ ਦੱਸਣ ਲਈ ਇਨ੍ਹਾਂ ਹਿਦਾਇਤਾਂ ਦਾ ਪਾਲਣ ਕਰੋ।

  **ਕਾਲਮ 1 - ਨਾਂਅ :** ਆਪਣੇ ਘਰ ਵਿਚ ਰਹਿ ਰਹੇ **ਹਰ** ਵਿਅਕਤੀ, ਭਾਵੇਂ ਉਹ ਰਿਸ਼ਤੇਦਾਰ ਹੈ ਜਾਂ ਨਹੀਂ (ਜਿਹਾਂ ਕਿ ਦਾਦਾ–ਦਾਦੀ, ਨਾਨਾ–ਨਾਨੀ, ਹੋਰ ਰਿਸ਼ਤੇਦਾਰ ਜਾਂ ਦੋਸਤ) ਦਾ ਪਹਿਲਾ ਅਤੇ ਅਖ਼ੀਰਲਾ ਨਾਂਅ ਲਿਖੋ। ਤੁਹਾਡੇ ਆਪਣੇ ਆਪ ਅਤੇ ਆਪਣੇ ਨਾਲ ਰਹਿੰਦੇ ਸਭ ਬੱਚਿਆਂ ਨੂੰ ਸੂਚੀ ਵਿਚ ਸ਼ਾਮਲ ਕਰਨਾ ਜ਼ਰੂਰੀ ਹੈ। ਲੋੜ ਪੈਣ ਤੇ ਇਕ ਕਾਗਜ਼ ਹੋਰ ਨਾਲ ਜੋੜ ਸਕਦੇ ਹੋ।

  **ਕਾਲਮ 2 – ਪਿਛਲੇ ਮਹੀਨੇ ਦੀ ਕੁਲ ਆਮਦਨ ਅਤੇ ਇਹ ਕਿੰਨੀ ਵਾਰ ਮਿਲਦੀ ਹੈ।** ਹਰ ਇਕ ਵਿਅਕਤੀ ਦੇ ਨਾਂਅ, ਪਿਛਲੇ ਮਹੀਨੇ ਦੀ ਆਮਦਨ ਅਤੇ ਇਹ ਕਿੰਨੀ ਵਾਰ ਮਿਲੀ ਲਿਖੋ। ਜਿਵੇਂ ਕਿ, *ਕੰਮ ਤੋਂ ਆਮਦਨ :* ਹਰ ਇਕ ਵਿਅਕਤੀ ਦੀ ਉਹ **ਕੁਲ ਆਮਦਨ** ਦਰਜ ਕਰੋ ਜੋ ਉਹ ਕੰਮ ਤੋਂ ਲਿਜਾਂਦਾ ਹੈ। ਇਹ ਘਰ ਲਿਜਾਣ ਵਾਲੀ ਤਨਖ਼ਾਹ ਤੋਂ ਫ਼ਰਕ ਹੈ। **ਕੁਲ ਆਮਦਨ ਟੈਕਸ ਅਤੇ ਹੋਰ ਕਟੌਤੀਆਂ ਤੋਂ ਪਹਿਲਾਂ ਦੀ ਆਮਦਨ ਹੈ।** ਰਕਮ ਤੁਹਾਡੀ ਤਨਖ਼ਾਹ ਦੀ ਪ੍ਰਤਿਪਰਤ ਤੇ ਦਰਜ ਹੋਣੀ ਚਾਹੀਦੀ ਹੈ, ਜਾਂ ਤੁਹਾਡਾ ਬਾਸ ਤੁਹਾਨੂੰ ਦਸ ਸਕਦਾ ਹੈ। ਰਕਮ ਦੇ ਅੱਗੇ ਲਿਖੋ ਕਿ ਉਸ ਵਿਅਕਤੀ ਨੂੰ ਇਹ ਕਿੰਨੀ ਵਾਰ ਮਿਲੀ (ਹਫ਼ਤਾਵਾਰ, ਹਰ ਦੂਜੇ ਹਫ਼ਤੇ, ਮਹੀਨੇ ਵਿਚ ਦੋ ਵਾਰ, ਜਾਂ ਮਾਸਿਕ)। *ਹੋਰ ਸਾਰੀ ਆਮਦਨ :* ਹਰ ਵਿਅਕਤੀ ਦੇ ਨਾਂਅ ਸਾਮ੍ਹਣੇ ਉਹ ਰਕਮ ਲਿਖੋ, ਜੋ ਉਸਨੂੰ ਪਿਛਲੇ ਮਹੀਨੇ, ਵੈਲਫ਼ੇਅਰ, ਚਾਈਲਡ ਸਪੋਰਟ, ਐਲੀਮਨੀ, ਪੈਨਸ਼ਨਾਂ, (ਦੂਜਾ ਕਾਲਮ) ਪੈਨਸ਼ਨਾਂ ਰੀਟਾਇਰਮੈਂਟ ਸੋਸ਼ਿਲ ਸਿਕਿਊਰਟੀ (ਤੀਜਾ ਕਾਲਮ), ਅਤੇ ਆਮਦਨ ਦੇ ਹੋਰ ਸਰੋਤ (ਚੌਥਾ ਕਾਲਮ)। ਹੋਰ ਸਭ ਦੇ ਖਾਨੇ ਵਿਚ, ਵਰਕਰਾਂ ਦਾ ਮੁਆਵਜ਼ਾ, ਬੇਰੋਜ਼ਗਾਰੀ, ਹੜਤਾਲ ਦੌਰਾਨ ਲਾਭ ਸਪਲੀਮੈਂਟ ਸਿਕਿਊਰਟੀ ਇਨਕਮ (SSI), ਵੈਟਰਨਸ ਬੈਨੀਫ਼ਿਟਸ (VA benefits), ਵਿਕਲਾਂਗਤਾ ਲਈ ਲਾਭ, ਜਿਹੜੇ ਲੋਕ ਘਰ ਨਹੀਂ ਰਹਿੰਦੇ ਉਨ੍ਹਾਂ ਵਲੋਂ ਘਰ ਵਿਚ ਬਾਕਾਇਦਾ ਯੋਗਦਾਨ ਅਤੇ ਹੋਰ ਕੋਈ ਆਮਦਨ। ਆਪਣੀ ਮਲਕੀਅਤ ਵਾਲੇ ਬਿਜ਼ਨੈਸ ਫ਼ਾਰਮ ਜਾਂ ਕਿਰਾਏ ਦੀ ਮੁਨਾਫ਼ੇ ਸਮੇਤ ਆਮਦਨ ਦੱਸੋ। ਰਕਮ ਤੋਂ ਅੱਗੇ, ਲਿਖੋ ਕਿ ਇਹ ਉਸ ਵਿਅਕਤੀ ਨੂੰ ਕਿੰਨੀ ਵਾਰ ਮਿਲੀ। ਜੇ ਤੁਸੀਂ ਮਿਲਟਰੀ ਹਾਉਸਿੰਗ ਪ੍ਰਾਈਵੇਟਾਇਜ਼ੇਸ਼ਨ ਇਨੀਸ਼ਿਏਟਿਵ ਵਿਚ ਹੋ ਤਾਂ ਇਸ ਵਿਚ ਹਾਉਸਿੰਗ ਭੱਤਾ ਸ਼ਾਮਲ ਨਾ ਕਰੋ।

  **ਕਾਲਮ 3 – ਜੇ ਕੋਈ ਆਮਦਨੀ ਨਹੀਂ ਤਾਂ ਨਿਸ਼ਾਨ ਲਾਉ :** ਜੇ ਵਿਅਕਤੀ ਦੀ ਕੋਈ ਆਮਦਨੀ ਨਹੀਂ ਤਾਂ ਉਸ ਖ਼ਾਨੇ ਤੇ ਸਹੀ ਦਾ ਨਿਸ਼ਾਨ ਲਾਉ।
- **ਭਾਗ 5:** ਘਰ ਦੇ ਇਕ ਬਾਲਗ਼ ਮੈਂਬਰ ਨੂੰ ਫ਼ਾਰਮ ਤੇ ਦਸਤਖ਼ਤ ਕਰਨੇ ਜ਼ਰੂਰੀ ਹਨ ਅਤੇ ਆਪਣਾ ਸੋਸ਼ਿਲ ਸਿਕਿਊਰਟੀ ਨੰਬਰ ਲਿਖਣਾ ਜ਼ਰੂਰੀ ਹੈ ਜਾਂ ਜੇ ਉਸ ਕੋਲ ਸੋਸ਼ਿਲ ਸਿਕਿਊਰਟੀ ਨੰਬਰ ਨਹੀਂ ਤਾਂ ਖ਼ਾਨੇ ਤੇ ਨਿਸ਼ਾਨ ਲਾਉ।
- **ਭਾਗ 6:** ਇਸ ਸਵਾਲ ਦਾ ਜਵਾਬ ਜੇ ਦੇਣਾ ਚਾਹੁੰਦੇ ਹੋ ਤਾਂ ਦਿਉ।

**ਗ਼ੈਰ-ਭੇਦਭਾਵ ਬਿਆਨ: ਇਹ ਪਰਿਭਾਸ਼ਿਤ ਕਰਦਾ ਹੈ ਕਿ ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਗਲਤ ਵਰਤਾਉਂ ਕੀਤਾ ਗਿਆ ਹੈ ਤੇ ਕੀ ਕਰਨਾ ਚਾਹੀਦਾ ਹੈ।**
ਸੰਘੀ ਕਾਨੂੰਨ ਅਤੇ ਖੇਤੀਬਾੜੀ ਨੀਤੀ ਦੇ ਯੂ.ਐਸ. ਵਿਭਾਗ (U.S. Department of Agriculture (USDA)) ਮੁਤਾਬਕ, ਇਸ ਸੰਸਥਾ ਵਿੱਚ ਜਾਤੀ, ਰੰਗ, ਰਾਸ਼ਟਰੀ ਮੂਲ, ਲਿੰਗ, ਉਮਰ ਜਾਂ ਅਜੋਗਤਾ ਦੇ ਆਧਾਰ ਤੇ ਭੇਦਭਾਵ ਕਰਨਾ ਵਰਜਤ ਹੈ। ਭੇਦਭਾਵ ਦੀ ਰਿਪੋਰਟ ਦਰਜ ਕਰਾਉਣ ਲਈ, *USDA, Director, Office of Civil Rights, 1400 Independence Avenue, SW, Washington DC 20250-9410* ਨੂੰ ਲਿਖੋ ਜਾਂ (800) 795-3272 ਜਾਂ (202) 720-6382 (ਟੀਟੀਵਾਈ) ਤੇ ਕੱਲ ਕਰੋ। ਯੂਐਸਡੀਏ USDA ਸਮਾਨ ਮੌਕੇ ਦੇਣ ਵਾਲਾ ਅਤੇ ਮਾਲਕ ਹੈ।

 © 2007 TransACT Communications, Inc.
94044